**ਸਲਾਨਾ ਪ੍ਰੀਖਿਆ – ਮਾਰਚ 2017**

**ਸ਼੍ਰੇਣੀ : ਸੱਤਵੀਂ**

**ਵਿਸ਼ਾ: ਪੰਜਾਬੀ**

**ਕੁੱਲ ਸਮਾਂ : $2\frac{1}{2}$ ਘੰਟੇ** **ਕੁੱਲ ਅੰਕ : 80**

**ਨਿਰਦੇਸ਼ :-**

**ਸਾਰੇ ਪ੍ਰਸ਼ਨ ਜਰੂਰੀ ਹਨ ।**

**ਪ੍ਰਸ਼ਨਾਂ ਦੇ ਅੰਕ ਉਹਨਾਂ ਦੇ ਸਾਹਮਣੇ ਲਿਖੇ ਹਨ ।**

---

**ਪ੍ਰਸ਼ਨ.1 ਕੁਰਬਾਨੀ ਸ਼ਬਦ ਦਾ ਕੀ ਅਰਥ ਹੈ?** (1)

1) ਬੋਲੀ 2) ਬਲੀਦਾਨ 3) ਸੀਸ 4) ਆਜ਼ਾਦੀ

**ਪ੍ਰਸ਼ਨ.2 ਨਾਂਵ ਦੀ ਥਾਂ 'ਤੇ ਵਰਤੇ ਜਾਣ ਵਾਲੇ ਸ਼ਬਦ ਕੀ ਆਖਵਾਉਂਦੇ ਹਨ?** (1)

1) ਕਿਰਿਆ 2) ਵਿਸ਼ੇਸ਼ਣ 3) ਪੜਨਾਂਵ 4) ਯੋਜਕ

**ਪ੍ਰਸ਼ਨ.3 ਤ੍ਰਿੰਵਣ ਦੀ ਰੌਣਕ ਕੌਣ ਹਨ?** (1)

1) ਭਰਾ 2) ਬਾਬਲ 3) ਵਿਹੜਾ 4) ਧੀਆਂ

**ਪ੍ਰਸ਼ਨ.4 ਸ਼ਹੀਦ ਊਧਮ ਸਿੰਘ ਦਾ ਜਨਮ ਕਿੱਥੇ ਹੋਇਆ?** (1)

1) ਪੰਜਾਬ ਵਿੱਚ 2) ਹਰਿਆਣੇ ਵਿੱਚ 3) ਗੁਜਰਾਤ ਵਿੱਚ 4) ਦਿੱਲੀ ਵਿੱਚ

**ਪ੍ਰਸ਼ਨ.5 ਹਵਾ ਆਪਣੇ ਆਪ ਨੂੰ ਸੂਰਜ ਨਾਲੋਂ ਕੀ ਜ਼ਿਆਦਾ ਦੱਸਦੀ ਹੈ?** (1)

1) ਕਮਜ਼ੋਰ 2) ਹੀਣੀ 3) ਤਾਕਤਵਰ 4) ਹਾਰੀ

**ਪ੍ਰਸ਼ਨ.6 ਗਾਂਧੀ ਜੀ ਦੇ ਮਿੱਤਰ ਦਾ ਕੀ ਨਾਮ ਸੀ?** (1)

1) ਊਕਾ 2) ਪੂਜਾਰੀ 3) ਵਲਾਇਤੀ 4) ਪੂਰਨ

**ਪ੍ਰਸ਼ਨ.7 ਬੇਰੁਜ਼ਗਾਰੀ ਦੇ ਭਿਆਨਕ ਭਵਿੱਖ ਨੇ ਕਿਸ ਨੂੰ ਡਰਾ ਦਿੱਤਾ?** (1)

1) ਕਾਕੇ ਨੂੰ 2) ਲੇਖਕ ਨੂੰ 3) ਛਾਬੜੀ ਵਾਲੇ ਨੂੰ 4) ਕੁਲਫੀ ਵਾਲੇ ਨੂੰ

**ਪ੍ਰਸ਼ਨ.8 ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਰਵਿਦਾਸ ਜੀ ਦੇ ਕਿੰਨੇ ਸ਼ਬਦ ਦਰਜ ਹਨ?** (1)

1) 80 2) 50 3) 70 4) 40

**ਪ੍ਰਸ਼ਨ.9 'ਅੱਖ ਲੱਗਣੀ' ਮੁਹਾਵਰੇ ਦਾ ਅਰਥ ਹੈ–** (1)

1) ਨੀਂਦ ਆ ਜਾਣੀ 2) ਪ੍ਰੇਮ ਹੋਣਾ 3) ਜਾਗ ਜਾਣਾ 4) ਆਦਰ ਕਰਨਾ

**ਪ੍ਰਸ਼ਨ.10 'ਹੱਥ ਤੰਗ ਹੋਣਾ' ਮੁਹਾਵਰੇ ਦਾ ਸਹੀ ਅਰਥ ਹੈ–** (1)

1) ਪਛਤਾਉਣਾ 2) ਹੱਥ ਪੈਰ ਮਾਰਨੇ 3) ਹੱਸਣਾ 4) ਗਰੀਬੀ ਆਉਣੀ

**ਪ੍ਰਸ਼ਨ.11 ਪੈਰ ਵਿੱਚ ਬਿੰਦੀ ਲੱਗਣ ਵਾਲੇ ਕਿੰਨੇ ਅੱਖਰ ਹਨ?** (1)

1) ਪੰਜ 2) ਛੇ 3) ਤਿੰਨ 4) ਅੱਠ

**ਪ੍ਰਸ਼ਨ.12 'ਸਮੇਂ ਦੀ ਬਹਾਰ' ਕਿਸ ਕਵੀ ਦੀ ਰਚਨਾ ਹੈ?** (1)

1) ਭਾਈ ਵੀਰ ਸਿੰਘ 2) ਤੇਰਾ ਸਿੰਘ ਚੰਨ 3) ਸੁਜਾਨ ਸਿੰਘ 4) ਧਨੀ ਰਾਮ ਚਾਤ੍ਰਿਕ

**ਪ੍ਰਸ਼ਨ.13 ਕਿੰਨੇ ਸਾਲ ਦੀ ਉਮਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਨੂੰ ਬਲੀਦਾਨ ਦੇਣ ਲਈ ਕਿਹਾ?** (1)

1) ਕੇਵਲ ਨੌਂ ਸਾਲ 2) ਅੱਠ ਸਾਲ 3) ਸੋਲਾਂ ਸਾਲ 4) ਗਿਆਰਾਂ ਸਾਲ

**ਪ੍ਰਸ਼ਨ.14 'ਡੰਗਰ' ਸ਼ਬਦ ਦਾ ਕੀ ਅਰਥ ਹੈ?** (1)

1) ਪਸ਼ੂ 2) ਡਰਪੋਕ 3) ਰਸਤਾ 4) ਡੰਡਾ

**ਪ੍ਰਸ਼ਨ.15 ਲੋਹੜੀ ਦਾ ਤਿਉਹਾਰ ਕਿਸ ਮਹੀਨੇ ਮਨਾਇਆ ਜਾਂਦਾ ਹੈ?** (1)

1) ਫਰਵਰੀ 2) ਜਨਵਰੀ 3) ਮਈ 4) ਜੁਲਾਈ

**ਪ੍ਰਸ਼ਨ.16 ਭਾਰਤ ਦੇ ਗੁਆਂਢੀ ਦੇਸ਼ਾਂ ਦੇ ਨਾਮ ਲਿਖੋ।** (2)

**ਪ੍ਰਸ਼ਨ.17 ਦਾਦੀ ਨੇ ਗੱਡੀ ਵਿੱਚ ਕੀ-ਕੀ ਰਖਵਾਇਆ?** (2)

**ਪ੍ਰਸ਼ਨ.18 ਲੇਜ਼ਰ ਦੀ ਖੋਜ ਕਦੋਂ ਤੇ ਕਿਸਨੇ ਕੀਤੀ?** (2)

**ਪ੍ਰਸ਼ਨ.19 'ਅਕਲ ਵੱਡੀ ਚੀਜ਼ ਹੈ' ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ?** (2)

**ਪ੍ਰਸ਼ਨ.20 ਮਨੁੱਖ ਕਿਸ ਚੀਜ਼ ਨੂੰ ਮੁਕਾਉਣ ਤੇ ਤੁਲਿਆ ਹੋਇਆ ਹੈ?** (2)

**ਪ੍ਰਸ਼ਨ.21 ਬਾਬਾ ਸ਼ੇਖ ਫਰੀਦ ਜੀ ਦੇ ਮਾਤਾ-ਪਿਤਾ ਦਾ ਨਾਮ ਦੱਸੋ।** (2)

**ਪ੍ਰਸ਼ਨ.22 ਧਾਰਮਿਕ ਤਿਉਹਾਰ ਕਿਹੜੇ-ਕਿਹੜੇ ਹਨ?** (2)

**ਪ੍ਰਸ਼ਨ.23 'ਕਾਂ ਤੇ ਚਿੜੀ' ਨਾਟਕ ਵਿੱਚ ਕਿਰਤ ਦੀ ਲੁੱਟ ਕਿਸਨੇ ਕੀਤੀ?** (2)

**ਪ੍ਰਸ਼ਨ.24 ਗੁਲਾਬ ਦੀ ਫਸਲ ਕਿੱਥੇ ਮਹਿਕਦੀ ਹੈ?** (2)

**ਪ੍ਰਸ਼ਨ.25 ਕੰਪਿਊਟਰ ਦੇ ਸੱਤ ਭਾਗਾਂ ਦੇ ਨਾਂ ਲਿਖੋ।** (2)

**ਪ੍ਰਸ਼ਨ.26 ਲਿੰਗ ਬਦਲੋ:** ਘੋੜਾ, ਅਧਿਆਪਕ, ਪਤੀ, ਮੋਰ, ਰਾਜਾ, ਆਦਮੀ। (3)

**ਪ੍ਰਸ਼ਨ.27 ਵਚਨ ਬਦਲੋ:** ਕਾਕਾ, ਮੰਜਾ, ਕੁਰਸੀ, ਰੋਟੀ, ਹਵਾ, ਹਿਰਨੀ। (3)

**ਪ੍ਰਸ਼ਨ.28 ਵਿਰੋਧੀ ਸ਼ਬਦ ਬਣਾਓ:** ਸਾਫ, ਧਰਤੀ, ਜਿੱਤ, ਅਮੀਰ, ਹੱਸਣਾ, ਡਰਪੋਕ। (3)

**ਪ੍ਰਸ਼ਨ.29 ਨਾਂਵ ਸ਼ਬਦਾਂ ਦੀ ਪਰਿਭਾਸ਼ਾ ਲਿਖੋ ਅਤੇ ਨਾਂਵ ਸ਼ਬਦ ਦੀਆਂ ਉਦਾਹਰਣਾਂ ਵੀ ਲਿਖੋ।** (3)

**ਪ੍ਰਸ਼ਨ.30 ਹਰਿਆਣੇ ਦੇ ਜ਼ਿਲ੍ਹਿਆਂ ਦੇ ਨਾਮ ਲਿਖੋ:-** (3)

**ਪ੍ਰਸ਼ਨ.31 ਕਲਪਨਾ ਚਾਵਲਾ ਦਾ ਜਨਮ ਕਦੋਂ ਤੇ ਕਿੱਥੇ ਹੋਇਆ?** (3)

**ਪ੍ਰਸ਼ਨ.32 ਪ੍ਰੇਮ ਸਿੰਘ ਕੌਣ ਸੀ?** (3)

**ਪ੍ਰਸ਼ਨ.33 ਮਾਂ ਔਲਾਦ ਲਈ ਕੀ-ਕੀ ਕਰਦੀ ਹੈ?** (3)

**ਪ੍ਰਸ਼ਨ.34 ਵਾਕਾਂ ਵਿੱਚ ਵਰਤੋਂ:-** ਨੁਸਖਾ, ਮਾਸੂਮ, ਗੀਤ, (3)

**ਪ੍ਰਸ਼ਨ.35 ਹੇਠ ਲਿਖੇ ਵਾਕਾਂ ਦੇ ਸਾਹਮਣੇ ਸਹੀ (✓) ਅਤੇ ਗਲਤ (×) ਦਾ ਨਿਸ਼ਾਨ ਲਾਓ:** (3)

ੳ) ਭਗਤ ਰਵਿਦਾਸ ਜੀ ਦਾ ਜਨਮ ਰਾਜਸਥਾਨ ਵਿੱਚ ਹੋਇਆ। ( )

ਅ) ਸਾਨੂੰ ਮਾਂ ਦਾ ਕਰਜ਼ ਕਦੇ ਨਹੀਂ ਭੁੱਲਣਾ ਚਾਹੀਦਾ। ( )

ੲ) ਜੋ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦੀ ਵਿਸ਼ੇਸ਼ਤਾ ਦੱਸੇ, ਉਸਨੂੰ ਪੜਨਾਂਵ ਕਹਿੰਦੇ ਹਨ। ( )

**ਪ੍ਰਸ਼ਨ 36 ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** (5)

ਮਿਤਰ, ਮੂਡਾ, ਗੇਦ, ਏਤਵਾਰ, ਓਮਰ, ਬਿਆਹ, ਅਗ, ਸੰਸਾਰ, ਏਮਲੀ, ਵੀਖੇ।

**ਪ੍ਰਸ਼ਨ 37 ਜਨਮ ਦਿਨ ਉੱਤੇ ਭੇਜੀ ਸੁਗਾਤ ਲਈ ਧੰਨਵਾਦ ਪੱਤਰ ਲਿਖੋ।** (5)

**ਪ੍ਰਸ਼ਨ 38 'ਮੇਰਾ ਸਕੂਲ' ਜਾਂ 'ਮੇਰਾ ਮਿੱਤਰ' ਵਿਸ਼ੇ 'ਤੇ ਲੇਖ ਲਿਖੋ।** (5)